# ਗੁਰੂ ਹਰਿਰਾਇ ਸਾਹਿਬ
# (੧੬੩੦-੧੬੬੧, ਗੁਰਗੱਦੀ ੧੬੪੪-੧੬੬੧)

ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਸਪੁੱਤਰ ਅਤੇ ਇੱਕ ਸਪੁੱਤਰੀ ਸਨ। ਸਭ ਤੋਂ ਵੱਡੇ ਸਪੱਤਰ, ਬਾਬਾ ਗੁਰਦਿਤਾ ਜੀ, ਦੇ ਦੋ ਸਪੁੱਤਰ ਸਨ, ਧੀਰਮੱਲ ਅਤੇ ਹਰਿਰਾਇ। ਧੀਰਮੱਲ ਗੁਰੂ ਜੀ ਤੋਂ ਬੇਮੁਖ ਐਤ ਅਮੋੜ ਨਿਕਲਿਆ। ਉਸ ਦਾ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿੱਚ ਕੁਝ ਅਸਰ ਰਸੂਖ ਅਤੇ ਗੁਰੂ ਜੀ ਦੇ ਵੈਰੀਆਂ ਨਾਲ ਮੇਲਜੋਲ ਸੀ। ਜਦ ਗੁਰੂ ਜੀ ਕੀਰਤਪੁਰ ਆ ਨਿਵਾਸ ਕੀਤਾ ਤਾਂ ਧੀਰਮੱਲ ਆਪਣੀ ਮਾਤਾ ਨਾਲ ਕਰਤਾਰਪੁਰ ਹੀ ਰਿਹਾ ਅਤੇ ਗੁਰੂ ਜੀ ਦੀ ਜਾਇਦਾਦ ਅਤੇ ਨਾਲ ਹੀ ਆਦਿ ਗ੍ਰੰਥ ਸਾਹਿਬ ਦੀ ਬੀੜ ਵੀ ਆਪਣੇ ਕਬਜ਼ੇ ਵਿੱਚ ਕਰ ਲਈ। ਉਸ ਦਾ ਖਿਆਲ ਸੀ ਕਿ ਜਿੰਨਾ ਚਿਰ ਇਹ ਬੀੜ ਉਸ ਦੇ ਕੋਲੇ ਹੋਵੇਗੀ ਸਿੱਖ ਉਸ ਨੂੰ ਆਪਣਾ ਧਾਰਮਕ ਆਗੂ ਜਾਣਨਗੇ। ਇਸੇ ਕਰਕੇ, ਜਿਵੇਂ ਪਿਛਲੇ ਕਾਂਡ ਵਿੱਚ ਜ਼ਿਕਰ ਕੀਤਾ ਹੈ ਧੀਰਮੱਲ ਨੇ ਆਪਣੇ ਪਿਤਾ ਦੇ ਦੇਹਾਂਤ ਪਿਛੋਂ ਗੁਰੂ ਜੀ ਦੇ ਸੱਦੇ ਤੇ ਕੀਰਤਪੁਰ ਆਵਣ ਤੋਂ ਇਨਕਾਰ ਕਰ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਧੀਰਮੱਲ ਦੇ ਛੋਟੇ ਭਰਾਤਾ ਹਰਿਰਾਇ ਜੀ ਨੂੰ ਗੁਰਗੱਦੀ ਬਖਸ਼ ਦਿੱਤੀ ਅਤੇ ਆਪ ੩ ਮਾਰਚ, ੧੬੪੪ ਨੂੰ ਜੋਤੀ ਜੋਤਿ ਸਮਾ ਗਏ।

ਇੱਕ ਦਿਨ ਬਚਪਨ ਸਮੇਂ ਇੱਕ ਬਾਗ ਵਿਚੋ ਲੰਘਦਿਆਂ ਹਰਿਰਾਇ ਜੀ ਦਾ ਖੁਲ੍ਹਾ ਚੋਲਾ ਕੁਝ ਫੁੱਲਾਂ ਨਾਲ ਅੜਿਆ ਅਤੇ ਫੁੱਲਾਂ ਦੀਆਂ ਪੱਤੀਆਂ ਛੜ ਕੇ ਧਰਤੀ ਉਤੇ ਡਿਗ ਪਈਆਂ। ਇਹ ਵੇਖਕੇ ਉਹਨ੍ਹਾਂ ਦੇ ਨਰਮ ਹਿਰਦੇ ਨੂੰ ਦੁਖ ਹੋਇਆ ਅਤੇ ਉਨ੍ਹਾਂ ਦੀਆਂ ਅੱਖਾਂ ਵਿੱਚ ਅਥਰੂ ਆ ਗਏ ਅਤੇ ਇਸ ਪਿਛੋਂ ਉਨ੍ਹਾਂ ਨੇ ਪੱਕਾ ਇਰਾਦਾ ਕਰ ਲਿਆ ਕਿ ਉਹ ਸਦਾ ਆਪਣਾ ਚੋਲਾ ਟੁੰਗ ਕੇ ਤੁਰਿਆ ਕਰਨਗੇ ਅਤੇ ਸੰਸਾਰ ਵਿੱਚ ਕਿਸੇ ਚੀਜ਼ ਨੂੰ ਵੀ ਕਦੇ ਹਾਨੀ ਨਹੀਂ ਪੁਚਾਉਣਗੇ। ਜਦ ਵੱਡੇ ਹੋਏ ਤਾਂ ਇਹੀ ਸੰਕਲਪ ਬਣਾਈ ਰੱਖਿਆ। ਉਹ ਬਹੁਤ ਵਾਰ ਫਰੀਦ ਜੀ ਦੀ ਬਾਣੀਦੀਆਂ ਇਹ ਤੁਕਾਂ ਦੀ ਵਰਤੋਂ ਕਰਦੇ :

"ਸਭਨਾ ਮਨ ਮਾਣਿਕ ਠਾਹਣ ਮੂਲਿ ਮਚਾਂਗਵਾ।
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।"

(ਸਲੋਕ ਸੇਖ ਫਰੀਦ ਕੇ, ਪੰਨਾ ੧੩੮੪)

ਗੁਰੂ ਹਰਿਰਾਇ ਜੀ ਸਭ ਤੋਂ ਵਧ ਉਦਾਰ-ਚਿਤ ਸਨ। ਉਹਨਾਂ ਦਾ ਭੋਜਨ ਬਹੁਤ ਸਾਦਾ ਸੀ, ਉਹ ਸੁਆਦਲੇ ਭੋਜਨ ਦੀ ਇੱਛਾ ਨਹੀਂ ਕਰਦੇ ਸਨ। ਜੋ ਕੋਈ ਵੀ ਕੀਮਤੀ ਭੇਟਾ ਉਨ੍ਹਾਂ ਨੂੰ ਆਉਂਦਾ ਉਹ ਆਪਣੇ ਅਤਿਥੀਆਂ ਤੇ ਖਰਚ ਕਰ ਦਿੰਦੇ। ਆਪਣੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼ ਅਨੁਸਾਰ ਉਨ੍ਹਾਂ ਨੇ ਬਾਈ ਸੌ ਘੋੜ ਸਵਾਰ ਫੌਜ ਦੀ ਟੁਕੜੀ ਰੱਖੀ ਹੋਈ ਸੀ। ਦੁਪਹਿਰ ਪਿਛੋਂ ਉਹ ਸ਼ਿਕਾਰ ਲਈ ਵੀ ਜਾਇਆ ਕਰਦੇ ਸਨ। ਉਹ ਸ਼ਿਕਾਰ ਸਮੇਂ ਫੜੇ ਕੁਝ ਜਾਨਵਰਾਂ ਨੂੰ ਖੋਲ੍ਹ ਕੇ ਇੱਕ ਚਿੜੀਆਘਰ ਵਿੱਚ ਸੰਭਾਲ ਰਖਦੇ ਜੋ ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਦੇ ਮਨੋਰੰਜਨ ਲਈ ਬਣਵਾਇਆ ਹੋਇਆ ਸੀ। ਸ਼ਾਮ ਪਈ ਉਹ ਦਰਬਾਰ ਸਜਾਉਂਦੇ ਅਤੇ ਗੁਰਬਾਣੀ ਦਾ ਕੀਰਤਨ ਸੁਣਦੇ ਅਤੇ ਫਿਰ ਧਰਮ ਉਪਦੇਸ਼ ਕਰਦੇ।

ਬਾਦਸ਼ਾਹ ਸ਼ਾਹਜਹਾਨ ਦੇ ਚਾਰ ਪੁੱਤਰ ਸਨ, ਦਾਰਾ ਸ਼ਿਕੋਹ, ਸ਼ੁਜਾਹ ਮੁਹੰਮਦ, ਔਰੰਗਜ਼ੇਬ ਅਤੇ ਮੁਰਾਦ ਬਖਸ਼। ਦਾਰਾ ਸ਼ਿਕੋਹ ਜੋ ਤਖ਼ਤ ਦਾ ਵਾਰਿਸ ਸੀ ਆਪਣੇ ਪਿਤਾ ਨੂੰ ਬਹੁਤ ਪਿਆਰਾ ਸੀ। ਔਰੰਗਜ਼ੇਬ ਬਹੁਤ ਚਲਾਕ, ਮੱਕਾਰ ਅਤੇ ਲਾਲਸਾ ਵਾਲਾ ਸੀ ਅਤੇ ਉਸ ਨੇ ਤਖ਼ਤ ਤੇ ਬੈਠਣ ਦਾ ਟੀਚਾ ਬਣਾ ਰਖਿਆ ਸੀ। ਕਿਹਾ ਜਾਦਾ ਹੈ ਕਿ ਉਸ ਨੇ ਦਾਰਾ ਸ਼ਿਕੋਹ ਨੂੰ ਇੱਕ ਸਵਾਦੀ ਖਾਣੇ ਵਿੱਚ ਸ਼ੇਰ ਦੀਆਂ ਮੁੱਛਾਂ ਮਿਲਾ ਕੇ ਖੁਆ ਦਿਤੀਆਂ ਜਿਸ ਕਾਰਨ ਉਹ ਬਹੁਤ ਸਖ਼ਤ ਬਿਮਾਰੀ ਹੋ ਗਿਆ। ਸਭ ਤੋਂ ਚੰਗੇ ਹਕੀਮਾਂ ਦਾ ਇਲਾਜ ਕਰਵਾਇਆ ਪਰ ਕੁਝ ਲਾਭ ਨਾ ਹੋਇਆ। ਚਿੰਤਾਵਾਨ ਬਾਦਸ਼ਾਹ ਨੇ ਹਰੇਕ ਦੇਸ਼ ਤੋਂ ਜੋਤਸ਼ੀ ਅਤੇ ਭਵਿਖਵਾਣੀ ਕਰਨ ਵਾਲੇ ਧਰਮਾਤਮਾ ਲੋਕ ਬੁਲਵਾਏ ਪਰ ਨਿਸਫਲ। ਸਿਆਣੇ ਇਸ ਨਤੀਜੇ ਤੇ ਪੁੱਜੇ ਕਿ ਜਦ ਤਕ ਸ਼ੇਰ ਦੀਆਂ ਮੁੱਛਾਂ ਦਾਰਾ ਦੇ ਪੇਟ ਵਿਚੋਂ ਨਾ ਕੱਢੀਆਂ ਜਾਣ ਉਸ ਦੇ ਬਚਣ ਦੀ ਕੋਈ ਆਸ ਨਹੀਂ। ਉਹਨਾਂ ਦਾ ਵਿਚਾਰ ਸੀ ਕਿ ਜੇ ੧੪ ਛਟਾਂਕ ਤ੍ਰਿਫਲਾ ਅਤੇ ਇੱਕ ਮਾਸ਼ਾ ਲੌਂਗ ਬੀਮਾਰ ਨੂੰ ਖੁਆਏ ਜਾਣ ਤਾਂ ਉਹ ਰਾਜ਼ੀ ਹੋ ਜਾਵੇਗਾ। ਬਾਦਸ਼ਾਹ ਨੇ ਆਪਣੇ ਰਾਜ ਵਿੱਚ ਹਰ ਥਾਂ ਇਹ ਚੀਜ਼ਾਂ ਮੰਗਾਉਣ ਲਈ ਖੋਜੀਆਂ, ਪਰ ਕਿਤੇ ਨਾ ਮਿਲੀਆਂ। ਅਖੀਰ ਕਿਸੇ ਨੇ ਦੱਸਿਆ ਕਿ ਇਹ ਗੁਰੂ ਹਰਿਰਾਇ ਜੀ ਦੇ ਭੰਡਾਰ ਵਿਚੋਂ ਮਿਲ ਜਾਣਗੀਆਂ। ਆਪਣੇ ਦਰਬਾਰੀਆਂ ਦੀ ਸਲਾਹ ਤੇ ਬਾਦਸ਼ਾਹ ਨੇ ਜ਼ਰੂਰੀ ਜਾਤਾ ਕਿ ਗੁਰੂ ਸਾਹਿਬ ਅਗੇ ਅਪਣੇ ਆਪ ਨੂੰ ਨਿਵਾ ਦੇਵੇ ਅਤੇ ਇਸ ਵਿਚਾਰ ਨਾਲ ਹੇਠ ਲਿਖਿਆ ਪੱਤਰ ਗੁਰੂ ਜੀ ਜੋਗ ਭੇਜਿਆ :

"ਆਪ ਜੀ ਦੇ ਬਜ਼ੁਰਗ ਪਵਿੱਤਰ ਬਾਬਾ ਨਾਨਕ ਜੀ ਨੇ ਬਾਦਸ਼ਾਹ ਬਾਬਰ ਨੂੰ ਰਾਜ ਬਖਸ਼ਿਆ ਸੀ ਜਿਨ੍ਹਾਂ ਨੇ ਮੇਰੇ ਸ਼ਾਹੀ ਖਾਨਦਾਨ ਦੀ ਨੀਂਹ ਰੱਖੀ। ਗੁਰੂ ਅੰਗਦ ਸਾਹਿਬ ਉਸ ਦੇ ਬੇਟੇ ਬਾਦਸ਼ਾਹ ਹਿਮਾਯੂੰ ਉਤੇ ਬਹੁਤ

ਮਿਹਰਬਾਨ ਸਨ; ਅਤੇ ਗੁਰੂ ਅਮਰਦਾਸ ਸਾਹਿਬ ਨੇ ਮੇਰੇ ਦਾਦਾ, ਬਾਦਸ਼ਾਹ ਅਕਬਰ,ਦੇ ਰਸਤੇ ਵਿਚੋਂ ਬਹੁਤ ਮੁਸ਼ਕਲਾਂ ਦੂਰ ਕੀਤੀਆਂ ਸਨ। ਮੈਨੂੰ ਬਹੁਤ ਪਸ਼ਚਾਤਾਪ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਅਤੇ ਮੇਰੇ ਵਿੱਚ ਉਹ ਦੋਸਤਾਨਾ ਰਿਸ਼ਤੇ ਕਾਇਮ ਨਾ ਰਹੇ ਅਤੇ ਅਜਨਬੀ ਲੋਕਾਂ ਦੀ ਮੁਦਾਖਲਤ ਕਰਕੇ ਗਲਤ ਫਹਿਮੀਆਂ ਪੈਦਾ ਹੋ ਗਈਆਂ ਸਨ। ਇਸ ਵਿੱਚ ਮੇਰਾ ਕਸੂਰ ਨਹੀਂ ਸੀ। ਹੁਣ ਮੇਰਾ ਬੇਟਾ ਦਾਰਾ ਸ਼ਿਕੋਹ ਸਖ਼ਤ ਬੀਮਾਰ ਹੈ। ਉਸ ਦਾ ਇਲਾਜ ਆਪ ਦੇ ਹੱਥ ਵਿੱਚ ਹੈ। ਜੇ ਆਪ ਤ੍ਰਿਫਲਾ ਅਤੇ ਲੌਂਗ ਜੋ ਆਪਦੇ ਭੰਡਾਰ ਵਿੱਚ ਹਨ, ਬਖਸ਼ ਦੇਵੋ ਅਤੇ ਨਾਲ ਆਪਣੀਆਂ ਅਸੀਸਾਂ ਵੀ, ਤਾਂ ਆਪ ਮੇਰੇ ਉਤੇ ਹਮੇਸ਼ਾ ਰਹਿਣ ਵਾਲਾ ਅਹਿਸਾਨ ਕਰੋਗੇ।"

ਇੱਕ ਅਮੀਰ ਸਰਦਾਰ ਨੇ ਇਹ ਪੱਤਰ ਗੁਰੂ ਜੀ ਜੋਗ ਕੀਰਤਪੁਰ ਜਾ ਕੇ ਦਿੱਤਾ। ਗੁਰੂ ਜੀ ਨੇ ਪੱਤਰ ਲੈਂਦਿਆਂ ਬਚਨ ਕੀਤਾ, "ਸੁਣੋ, ਮਨੁੱਖ ਇੱਕ ਹੱਥ ਨਾਲ ਫੁੱਲ ਤੋੜਦਾ ਹੈ ਅਤੇ ਦੂਜੇ ਹੱਥ ਨਾਲ ਉਹ ਫੁੱਲ ਭੇਟਾ ਕਰਦਾ ਹੈ ਪਰ ਫੁੱਲ ਦੋਹਾਂ ਹੱਥਾਂ ਨੂੰ ਇਕੋ ਜੇਹਾ ਖ਼ੂਬਸੂਰਤ ਕਰ ਦਿੰਦੇ ਹਨ। ਭਾਵੇਂ ਕੁਹਾੜੀ ਸੰਦਲ ਦੇ ਬਿਰਛ ਨੂੰ ਕੱਟਦੀ ਹੇ, ਤਦ ਵੀ ਸੰਦਲ ਉਸ ਨੂੰ ਆਪਣੀ ਸੁਗੰਧੀ ਲਾ ਦਿੰਦਾ ਹੈ। ਸੋ ਗੁਰੂ ਨੇ ਬੁਰੇ ਦੇ ਬਦਲੇ ਚੰਗਾ ਵਾਪਸ ਕਰਨਾ ਹੈ।" ਗੁਰੂ ਜੀ ਨੇ ਲੋੜੀਂਦੀ ਦਵਾਈ ਭੇਜ ਦਿਤੀ ਜੋ ਦਾਰਾ ਸ਼ਿਕੋਹ ਨੂੰ ਖੁਆਈ, ਜਿਸ ਨਾਲ ਉਹ ਤੁਰੰਤ ਅਤੇ ਪੂਰੀ ਤਰ੍ਹਾਂ ਅਰੋਗ ਹੋ ਗਿਆ। ਬਾਦਸ਼ਾਹ, ਕੁਦਰਤੀ ਸੀ ਕਿ ਬਹੁਤ ਖੁਸ਼ ਹੋਇਆ ਅਤੇ ਗੁਰੂ ਜੀ ਵਿਰੁਧ ਸਾਰਾ ਵੈਰ ਭਾਵ ਭੁਲਾ ਦਿਤਾ, ਨਾਲ ਹੀ ਉਸ ਨੇ ਸੌਂਹ ਖਾਧੀ ਕਿ ਫਿਰ ਕਦੇ ਵੀ ਗੁਰੂ ਜੀ ਨੂੰ ਨਰਾਜ਼ਗੀ ਦਾ ਮੌਕਾ ਨਹੀਂ ਦੇਵੇਗਾ।

ਇੱਕ ਦਿਨ ਗੁਰੂ ਜੀ ਘੋੜੇ ਤੇ ਸਵਾਰ ਜਾ ਰਹੇ ਇੱਕ ਥਾਂ ਰੁਕ ਗਏ ਅਤੇ ਇੱਕ ਗਰੀਬ ਇਸਤਰੀ ਦੇ ਘਰ ਦਾ ਦਰਵਾਜ਼ਾ ਖੜਕਾਇਆ ਅਤੇ ਬਚਨ ਕੀਤਾ, "ਹੇ ਭਲੀ ਬੀਬੀ, ਮੈਨੂੰ ਬੜੀ ਭੁੱਖ ਲਗੀ ਹੈ, ਜੋ ਰੋਟੀ ਆਪ ਨੇ ਬਣਾਈ ਹੈ ਲਿਆ ਦਿਉ। ਉਸ ਬੀਬੀ ਨੇ ਖੁਸ਼ੀ ਨਾਲ ਉਛਲਦੀ ਜਾ ਕੇ ਇੱਕ ਸੁਕੀ ਜੇਹੀ ਰੋਟੀ ਲਿਆ ਅਰਪਣ ਕੀਤੀ ਜੋ ਗੁਰੂ ਜੀ ਨੇ ਘੋੜੇ ਤੇ ਬੈਠਿਆਂ ਹੀ, ਬਿਨਾਂ ਹੱਥ ਧੋਤੇ, ਖਾਧੀ ਅਤੇ ਬਹੁਤ ਹੀ ਸਵਾਦ ਮਾਣਿਆ। ਤਦ ਗੁਰੂ ਜੀ ਨੇ ਉਸ ਬੀਬੀ ਉਤੇ ਬਖਸ਼ਿਸ਼ ਕੀਤੀ ਅਤੇ ਉਸ ਦਾ ਜਨਮ-ਮਰਨ ਦਾ ਜੰਜਾਲ ਕਟ ਦਿਤਾ। ਅਗਲੇ ਦਿਨ ਉਸੀ ਵੇਲੇ ਸਿਖਾਂ ਨੇ ਬੜੇ ਸਵਾਦਲੇ ਭੋਜਨ ਬੜੀ ਸਵੱਛਤਾ ਦਾ ਧਿਆਨ ਰੱਖਦਿਆਂ ਤਿਆਰ ਕੀਤੇ ਅਤੇ ਗੁਰੂ ਜੀ ਜੋਗ ਛਕਣ ਲਈ ਲੈ ਕੇ ਆਏ। ਗੁਰੂ ਜੀ ਹੱਸੇ ਅਤੇ ਬਚਨ ਕੀਤਾ, "ਭਲੇ ਸਿਖੋ, ਮੈਂ ਉਸ ਬੀਬੀ ਦੇ ਹੱਥੋਂ ਭੋਜਨ ਖਾਧਾ ਸੀ ਕਿਉਂਕਿ ਉਹ ਪਵਿਤਰ ਜੀਵਨ ਵਾਲੀ ਸੀ। ਇਹ ਭੋਜਨ ਜੋ ਤੁਸੀਂ ਪੁਰਾਤਨ ਮਰਿਆਦਾ-ਪੂਰਵਕ ਧਿਆਨ ਨਾਲ ਤਿਆਰ ਕੀਤਾ ਹੈ ਇਹ ਮੈਨੂੰ ਪ੍ਰਸੰਨ ਕਰਨ ਵਾਲਾ ਨਹੀਂ।" ਸਿਖਾਂ ਨੇ ਪੁੱਛਿਆ, "ਸੱਚੇ ਪਾਤਸ਼ਾਹ, ਕੱਲ ਆਪ ਨੇ ਘੋੜੇ ਤੇ ਬੈਠਿਆਂ ਹੀ ਇੱਕ ਬਿਰਧ ਇਸਤਰੀ, ਜਿਸ ਨੂੰ ਆਪ ਜਾਣਦੇ ਨਹੀਂ ਸੀ, ਦੇ ਹੱਥੋਂ ਲੈ ਕੇ ਰੋਟੀ ਛਕ ਲਈ। ਉਹ ਕੋਈ ਪਵਿਤਰ ਥਾਂ ਨਹੀਂ ਸੀ ਅਤੇ ਰੋਟੀ ਵੀ ਹਰ ਤਰ੍ਹਾਂ ਅਸ਼ੁਧ ਸੀ।ਅਜ ਅਸੀਂ ਆਪ ਜੀ ਵਾਸਤੇ ਭੋਜਨ ਤਿਆਰ ਕਰਕੇ ਲਿਆਏ ਹਾਂ, ਇਹ ਕਿਸੇ ਤਰ੍ਹਾਂ ਅਸ਼ੁਧ ਨਹੀਂ , ਤਦ ਵੀ ਆਪ ਜੀ ਨੇ ਅਪ੍ਰਵਾਨ ਕਰ ਦਿਤਾ ਹੈ। ਕਿਰਪਾ ਕਰੋ ਅਤੇ ਸਾਨੂੰ ਇਸ ਦਾ ਕਾਰਨ ਸਮਝਾਉਣ ਦੀ ਬਖਸ਼ਿਸ਼ ਕਰੋ।" ਗੁਰੂ ਜੀ ਨੇ ਉਤਰ ਦਿਤਾ, "ਉਸ ਬੀਬੀ ਨੇ ਆਪਣੇ ਗੂੜੇ ਪਸੀਨੇ ਦੀ ਕਮਾਈ ਵਿਚੋਂ ਬਹੁਤ ਹੀ ਪ੍ਰੇਮ ਅਤੇ ਸ਼ਰਧਾ ਨਾਲ ਮੇਰੇ ਵਾਸਤੇਰੋਟੀ ਬਣਾਈ ਸੀ। ਇਸ ਕਰਕੇ ਉਹ ਭੋਜਨ ਬੜਾ ਪਵਿੱਤਰ ਸੀ, ਅਤੇ ਮੈਂ ਖਾ ਲਿਆ। ਗੁਰੂ ਪ੍ਰੇਮ ਦਾ ਭੁਖਾ ਹੈ, ਸਵਾਦਲੇ ਭੋਜਨਾਂ ਦਾ ਨਹੀਂ। ਅਕਾਲ ਪੁਰਖ ਲਈ ਪ੍ਰੇਮ ਵਾਸਤੇ ਵੀ ਕੋਈ ਨਿਯਮ ਨਹੀਂ ਹੁੰਦਾ। ਇਹ ਮਨੁੱਖ ਦੇ ਖਾਣ ਵਾਲਾ ਭੋਜਨ ਨਹੀਂ ਜੋ ਅਕਾਲ ਪੁਰਖ ਨੂੰ ਪ੍ਰਸੰਨ ਕਰਦਾ ਹੈ, ਇਹ ਮਨੁੱਖ ਦਾ ਅਕਾਲ ਪੁਰਖ ਵਾਸਤੇ ਭਗਤੀ ਭਾਵ ਹੈ ਜੋ ਉਸ ਨੂੰ ਪ੍ਰਵਾਨ ਹੁੰਦਾ ਹੈ।"

## ਗੁਰੂ ਜੀ ਪਰਚਾਰ ਦੇ ਸਫਰ ਤੇ :

ਗੁਰੂ ਅਰਜਨ ਦੇਵ ਜੀ ਨੇ ਆਪਣੇ ਸ਼ਰਧਾਲੂਆਂ ਦਾ ਸੰਗਠਨ ਸ਼ਾਂਤਮਈ ਮਰਿਆਦਾ ਅਨੁਸਾਰੇ ਲਗਭਗ ਮੁਕੰਮਲ ਕਰ ਦਿਤਾ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸਿੱਖ ਧਰਮ ਨੇ ਇੱਕ ਫੌਜ ਦਾ ਅੰਗ ਨਾਲ ਜੋੜ ਲਿਆ। ਪੰਗਤ ਅਤੇ ਸੰਗਤ ਦੀ ਮਰਿਆਦਾ ਅਤੇ ਆਦਿ ਗ੍ਰੰਥ ਸਾਹਿਬ ਲਈ ਸ਼ਰਧਾ ਤੇ ਜ਼ੋਰ ਦੇਣ ਤੋਂ ਇਲਾਵਾ ਗੁਰੂ ਹਰਿਰਾਇ ਸਾਹਿਬ ਨੇ ਪੰਜਾਬ ਦੇ ਮਾਲਵਾ ਅਤੇ ਦੁਆਬੇ ਇਲਾਕਿਆਂ ਵਿੱਚ ਲੰਮੇ ਚੌੜੇ ਪ੍ਰਚਾਰ ਦੌਰੇ ਕੀਤੇ। ਇਹਨਾਂ ਇਲਾਕਿਆਂ ਵਿੱਚ ਸਿੱਖ ਧਰਮ ਦੇ ਪ੍ਰਫੁਲਤ ਹੋਣ ਦੇ ਚੰਗੇ ਮੌਕੇ ਮਿਲੇ। ਗੁਰੂ ਜੀ ਨੇ ਪੰਜਾਬ ਦੇ ਜ਼ਿੰਮੀਦਾਰ ਪਰਵਾਰਾਂ ਨੂੰ ਵਿਸ਼ੇਸ਼ ਕਰਕੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰਾਇਆ। ਇਹ ਪਰਵਾਰ ਉਸ ਸਮੇਂ ਲੋਕਾਂ ਦੇ ਕੁਦਰਤੀ ਮੋਹਰੀ ਸਮਝੇ ਜਾਂਦੇ ਸਨ।

ਆਪਣੇ ਇੱਕ ਦੌਰੇ ਤੇ ਗੁਰੂ ਜੀ ਮੁਕੰਦਪੁਰ, ਜੋ ਅੱਜਕਲ੍ਹ ਜਲੰਧਰ ਜ਼ਿਲ੍ਹੇ ਵਿੱਚ ਹੇ, ਠਹਿਰੇ। ਉਥੇ ਉਨ੍ਹਾਂ ਨੇ ਆਪਣੀ ਆਮਦ ਦੀ ਯਾਦ ਵਿੱਚ ਇੱਕ ਵਾਂਸ ਦੀ ਕਰੂੰਬਲ ਗੱਡੀ ਅਤੇ ਇਹ ਅਜੇ ਵੀਇਕ ਸ਼ਾਨਦਾਰ ਬਿਰਛ ਦੇ

ਰੂਪ ਵਿੱਚ ਕਾਇਮ ਹੈ। ਉਥੋਂ ਗੁਰੂ ਜੀ ਮਾਲਵੇ ਗਏ ਅਤੇ ਨਥਾਨਾ ਨੇੜੇ ਸਰੋਵਰ ਤੇ ਆਏ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਯੁਧ ਲੜਿਆ ਸੀ। ਉਥੇ ਮਾਹਰਾਜ ਕਬੀਲੇ ਦੇ ਦੋ ਭਰਾ ਜਲਾ ਅਤੇ ਕਰਮ ਚੰਦ ਗੁਰੂ ਜੀ ਕੋਲ ਸ਼ਿਕਾਇਤ ਕਰਨ ਆਏ ਕਿ ਕੌੜ ਕਬੀਲੇ ਦੇ ਲੋਕ ਇਹਨਾਂ ਨੂੰ ਆਪਣੇ ਵਿੱਚ ਵਸਣ ਨਹੀਂ ਦਿੰਦੇ। ਗੁਰੂ ਜੀ ਨੇ ਮਾਮਲਾ ਪ੍ਰੇਮ ਪਿਆਰ ਨਾਲ ਨਜਿਠਣ ਦੀ ਕੋਸ਼ਿਸ਼ ਕੀਤੀ ਪਰ ਜਦ ਕੌੜੇ ਕਬੀਲੇ ਦੇ ਲੋਕਾਂ ਗੁਰੂ ਜੀ ਦੀ ਗੱਲ ਸੁਨਣ ਤੋਂ ਇਨਕਾਰ ਕਰ ਦਿਤਾ ਤਾਂ ਗੁਰੂ ਜੀ ਨੇ ਮਾਹਰਾਜ ਭਰਾਵਾਂ ਨੂੰ ਕੁਝ ਜ਼ਮੀਨ ਉਤੇ ਜੋਰੋ ਜੋਰੀ ਕਬਜ਼ਾ ਕਰਕੇ ਉਥੇ ਵਸ ਜਾਣ ਲਈ ਸਹਾਇਤਾ ਕੀਤੀ। ਗੁਰੂ ਜੀ ਨਥਾਨਾ ਕੁਝ ਸਮਾਂ ਰਹੇ ਅਤੇ ਲੋਕਾਂ ਨੂੰ ਉਪਦੇਸ਼ ਦਿਤਾ। ਕਾਲਾ ਅਤੇ ਉਸ ਦੇ ਮਿੱਤਰ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਰਹੇ। ਗੁਰੂ ਸਾਹਿਬ ਜੀ ਦੇ ਉਪਦੇਸ਼ ਸੁਣ ਕੇ ਲੋਕਾਂ ਨੇ ਮੜ੍ਹੀਆਂ ਅਤੇ ਮਸਾਣਾਂ ਦੀ ਪੂਜਾ ਤਿਆਗ ਦਿੱਤੀ ਅਤੇ ਅਕਾਲ ਪੁਰਖ ਦੀ ਸਿਧੀ ਸਾਦੀ ਪੂਜਾ ਵਿੱਚ ਲਗ ਗਏ।

ਇੱਕ ਦਿਨ ਕਾਲਾ ਆਪਣੇ ਦੋ ਭਤੀਜਿਆਂ ਸੰਦਲੀ ਅਤੇ ਫੂਲ, ਜਿਨ੍ਹਾਂ ਦਾ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਯੁਧ ਵਿੱਚ ਮਾਰਿਆ ਗਿਆ ਸੀ, ਨੂੰ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਜਦ ਬੱਚੇ ਗੁਰੂ ਜੀ ਦੇ ਸਾਹਮਣੇ ਆਏ ਤਾਂ ਫੂਲ, ਜੋ ਪੰਜ ਵਰ੍ਹੇ ਦਾ ਸੀ, ਆਪਣੇ ਨੰਗੇ ਪੇਟ ਨੂੰ ਢੋਲ ਵਾਂਗ ਹੱਥਾਂ ਨਾਲ ਮਾਰਨ ਲੱਗਾ। ਜਦ ਗੁਰੂ ਜੀ ਨੇ ਇਸਦਾ ਕਾਰਨ ਪੁਛਿਆ ਤਾਂ ਕਾਲਾ ਨੇ ਦਸਿਆ ਕਿ ਬਾਲਕ ਭੁੱਖਾ ਹੈ ਅਤੇ ਖਾਣ ਲਈ ਕੁਝ ਮੰਗਦਾ ਹੈ। ਗੁਰੂ ਜੀ ਨੇ ਬਾਲਕ ਉਤੇ ਦਇਆ ਕੀਤੀ ਅਤੇ ਬਚਨ ਕੀਤਾ, "ਇਹ ਬਾਲਕ ਮਹਾਨ, ਪ੍ਰਸਿਧ ਅਤੇ ਧਨਵਾਨ ਬਣੇਗਾ। ਇਸ ਦੀ ਵੰਸ਼ ਦੇ ਘੋੜੇ ਜਮਨਾ ਦਰਿਆ ਤਕ ਪਾਣੀ ਪੀਣਗੇ; ਇਸ ਦੀ ਫੌਜ ਪੁਸ਼ਤਕਾਂ ਤਕ ਰਾਜ ਕਰੇਗੀ ਅਤੇ ਜਿੰਨੀ ਗੁਰੂ ਘਰ ਦੀ ਸੇਵਾ ਕਰਨਗੇ ਉਤਨਾਹੀ ਮਾਨ ਪਾਉਣਗੇ।" ਜਦ ਕਾਲਾ ਘਰ ਪੁੱਜਾ ਅਤੇ ਉਸ ਦੀ ਪਤਨੀ ਨੇ ਗੁਰੂ ਜੀ ਦੀ ਕਿਰਪਾ ਦ੍ਰਿਸ਼ਟੀ ਬਾਰੇ ਸੁਣਿਆ ਤਾਂ ਉਸਨੇ ਪਤੀ ਨੂੰ ਜ਼ੋਰ ਦਿਤਾ ਕਿ ਉਹ ਆਪਣੇ ਲੜਕਿਆਂ ਨੂੰ ਵੀ ਗੁਰੂ ਜੀ ਕੋਲ ਲੈ ਜਾਵੇ ਅਤੇ ਸਿਖਾ ਦੇਵੇ ਕਿ ਉਥੇ ਭੁੱਖੇ ਹੋਣਾ ਦਸਣ ਲਈ ਉਸੇ ਤਰ੍ਹਾਂ ਨੰਗੇ ਪੇਟ ਵਜਾਉਣ। ਜਦ ਕਾਲਾ ਅਤੇ ਉਸ ਦੇ ਆਪਣੇ ਪੁੱਤਰ ਗੁਰੂ ਜੀ ਦੀ ਹਜ਼ੂਰੀ ਵਿੱਚ ਆਏ ਤਾਂ ਉਸ ਨੇ ਦੱਸ ਦਿਤਾ ਕਿ ਉਹ ਆਪਣੀ ਪਤਨੀ ਦੇ ਜ਼ੋਰ ਦੇਣ ਤੇ ਬੱਚਿਆਂ ਨੂੰ ਲੈ ਕੇ ਆਇਆ ਹੈ। ਗੁਰੂ ਜੀ ਨੇ ਬਚਨ ਕੀਤਾ, "ਇਹ ਬੱਚਿਆਂ ਦੇ ਮਾਤਾ ਪਿਤਾ ਜੀਉਂਦੇ ਹਨ, ਪਰ ਨਾਲ ਹੀ ਇਹ ਆਪਣੀ ਜ਼ਮੀਨ ਤੇ ਵਾਹੀ ਕਰਨਗੇ, ਆਪਣੀ ਮਿਹਤਨ ਦਾ ਫਲ ਖਾਣਗੇ, ਕੋਈ ਮਾਲੀਆ ਨਹੀਂ ਦੇਣਗੇ ਅਤੇ ਕਿਸੇ ਦੇ ਆਸਰੇ ਦੇ ਮੁਥਾਜ ਨਹੀਂ ਹੋਣਗੇ।" ਇਹ ਭਵਿਖਵਾਣੀ ਸੱਚੀ ਹੋਈ ਅਤੇ ਉਨ੍ਹਾਂ ਦੀ ਵੰਸ਼ ਬਾਈ ਪਿੰਡਾਂ, ਜਿਨ੍ਹਾਂ ਨੂੰ ਬਾਹੀਆ ਕਹਿੰਦੇ ਹਨ, ਦੀ ਮਾਲਕ ਬਣੀ। ਫੂਲ ਦੇ ਛੇ ਪੁੱਤਰ ਹੋਏ। ਸਭ ਤੋਂ ਵੱਡੇ ਤਿਲੋਕ ਸਿੰਘ ਦੀ ਵੰਸ਼ ਵਿੱਚ ਨਾਭਾ ਅਤੇ ਜੀਂਦ ਦੇ ਰਾਜੇ ਹੋਏ। ਦੂਜੇ ਪੁੱਤਰ ਰਾਮ ਸਿੰਘ ਦੀ ਔਲਾਦ ਵਿੱਚ ਮਹਾਰਾਜਾ ਪਟਿਆਲਾ ਸੀ। ਇਹ ਤਿੰਨੇ ਫੂਲ ਕੇ ਰਾਜੇ, ਜਾਂ ਫੂਲਕੀਆਂ ਦੇ ਪ੍ਰਮੁਖ ਕਹਾਉਂਦੇ ਸਨ। ਭਾਰਤ ਜਦ ੧੯੪੭ ਵਿੱਚ ਸੁਤੰਤਰ ਹੋਇਆ ਤਾਂ ਇਹਨਾਂ ਅਤੇ ਹੋਰ ਸੈਂਕੜੇ ਰਿਆਸਤਾਂ ਨੂੰ ਭਾਰਤ ਸਰਕਾਰ ਨੇ ਆਪਣੇ ਵਿੱਚ ਸ਼ਾਮਲ ਕਰ ਲਿਆ।

ਗੁਰੂ ਜੀ ਨੂੰ ਜਦ ਯਕੀਨ ਹੋ ਗਿਆ ਕਿ ਮਸੰਦਾਂ ਦਾ ਸਿਲਸਿਲਾ ਵਿਗੜ ਗਿਆ ਹੈ ਤਾਂ ਉਨ੍ਹਾਂ ਨੇ ਇਹਨਾਂ ਦੀ ਕਾਂ 'ਬਖਸ਼ੀਸ਼ਾਂ' ਅਰਥਾਤ ਪ੍ਰਚਾਰ ਕੇਂਦਰ ਸਥਾਪਤ ਕੀਤੇ। ਛੇ ਕੇਂਦਰਾ ਦੇ ਮੁਖੀ ਸਨ ਸੁਥਰਾ ਸ਼ਾਹ ਸਾਹਿਬਾ, ਸੰਗਤਾ, ਮਿਹਾਂ ਸਾਹਿਬ, ਭਗਤ ਭਗਵਾਨ, ਭਗਤ ਮੱਲ, ਅਤੇ ਜੀਤ ਮੱਲ। ਭਗਤ ਭਗਵਾਨ ਨੂੰ ਪੂਰਬ ਵਿੱਚ ਪ੍ਰਚਾਰ ਕਾਰਜ ਸੌਂਪਿਆ ਗਿਆ ਜਿਥੇ ਉਸ ਨੇ ਆਪਣੇ ਸੇਵਕਾਂ ਨਾਲ ੩੬੦ ਗੱਦੀਆਂ (ਕੇਂਦਰ) ਸਾਰਾ ਕਾਰਜ ਚਲਾਉਣ ਲਈ ਕਾਹਿਮ ਕੀਤੀਆਂ। ਕੈਥਲ ਅਤੇ ਬਾਗੜੀਆਂ ਦੇ ਭਾਈ ਪਰਵਾਰਾਂ ਨੂੰ ਜਮੁਨਾ ਅਤੇ ਸਤਿਲੁਜ ਦਰਿਆਵਾਂ ਵਿਚਲੇ ਇਲਾਕੇ ਵਿੱਚ ਪ੍ਰਚਾਰ ਦਾ ਕੰਮ ਸੌਂਪਿਆ ਗਿਆ। ਭਾਈ ਫੇਰੂ ਨੂੰ ਬਿਆਸ ਅਤੇ ਰਾਵੀ ਦਰਿਆਵਾਂ ਵਿਚਲੇ ਇਲਾਕੇ ਦੀ ਜ਼ਿੰਮੇਵਾਰੀ ਦਿਤੀ ਗਈ। ਇੱਕ ਹੋਰ ਕੇਂਦਰ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਵਿੱਚ ਕਾਇਮ ਕੀਤਾ ਗਿਆ। ਭਾਈ ਆਰੂ, ਸੇਵਾਦਾਰ, ਨੈਕਦਾਸ, ਦੁਰਗਾ ਚੰਦ ਅਤੇ ਸੁਥਰਾਸ਼ਾਹ ਗੁਰੂ ਜੀ ਦੇ ਸਮੇਂ ਮਹੱਤਵਪੂਰਨ ਮੁਖੀ ਸਨ ਜਿਹਨਾਂ ਨੇ ਕਸ਼ਮੀਰ ਵਿੱਚ ਪ੍ਰਚਾਰ ਕਾਰਜ ਕੀਤਾ।

## ਗੁਰੂ ਜੀ, ਉਨ੍ਹਾਂ ਦਾ ਸਪੁੱਤਰ ਰਾਮਰਾਇ ਅਤੇ ਮੁਗਲ ਬਾਦਸ਼ਾਹ :

ਬਾਦਸ਼ਾਹ ਸ਼ਾਹਜਹਾਨ ਨੇ ਆਪਣੇ ਸਭ ਤੋਂ ਵੱਡੇ ਪੁੱਤਰ ਨੂੰ ਆਪਣੇ ਕੋਲ ਰੱਖਿਆ। ਦੂਜੇ ਪੁਤੱਰ ਸ਼ੁਜਾਹ ਮੁਹੰਮਦ ਨੂੰ ਬੰਗਾਲ ਦਾ ਗਰਵਨਰ ਬਣਾ ਦਿਤਾ। ਤੀਜਾ, ਔਰੰਗਜ਼ੇਬ ਦੱਖਣ ਦਾ ਗਵਰਨਰ ਨਿਯੁਕਤ ਹੋ ਗਿਆ ਅਤੇ ਮੁਰਾਦ ਬਖਸ਼ ਨੂੰ ਗੁਜਰਾਤ ਦਾ ਸੂਬਾ ਮਿਲਿਆ। ਇਹਨਾਂ ਪੁੱਤਰਾਂ ਦੀ ਲਾਲਸਾ ਪੂਰੀ ਨਹੀਂ ਹੋਈ ਸੀ ਅਤੇ ਹਰੇਕ ਤਾਂਘ ਨਾਲ ਤਖ਼ਤ ਤੇ ਬੈਠਣਾ ਭਾਲ ਰਿਹਾ ਸੀ। ਇਹਨਾਂ ਸਭ ਨੇ ਆਪਣੇ ਆਪਣੇ ਇਲਾਕਿਆਂ ਵਿੱਚ ਬਹੁਤ ਸਾਰਾ ਧਨ ਅਤੇ ਫੌਜ ਜਮ੍ਹਾਂ ਕਰ ਰਖੇ ਸਨ। ਜਦ ਸ਼ਾਹਜਹਾਨ ਬਿਮਾਰ ਹੋ ਗਿਆ ਅਤੇ ਉਸ ਦੇ ਰਾਜ਼ੀ

ਹੋਣ ਦੀ ਕੋਈ ਸੂਰਤ ਨਜ਼ਰ ਨਹੀਂ ਆ ਰਹੀ ਸੀ ਤਾਂ ਭਰਾਵਾਂ ਵਿੱਚ ਤਖ਼ਤ ਤੇ ਬੈਠਣ ਲਈ ਜੰਗ ਸ਼ੁਰੂ ਹੋ ਗਿਆ। ਦਾਰਾ ਸ਼ਿਕੋਹ ਨੇ ਸ਼ੁਜਾਹ ਮੁਹੰਮਦ ਦੇ ਵਿਰੁੱਧ ਰਾਜਾ ਜੈ ਸਿੰਘ ਨੂੰ ਭੇਜਿਆ ਅਤੇ ਜੋਧਪੁਰ ਦੇ ਰਾਜਾ ਜਸਵੰਤ ਸਿੰਘ ਨੂੰ ਦੱਖਣ ਵਲ। ਜੈ ਸਿੰਘ ਨੇ ਸ਼ੁਜਾਹ ਮੁਹੰਮਦ ਨੂੰਹਰਾ ਦਿਤਾ ਪਰ ਔਰੰਗਜ਼ੇਬ ਅਤੇ ਮੁਰਾਦ ਦੀਆਂ ਇਕੱਠੀਆਂ ਫੌਜਾਂ ਨੇ ਰਾਜਾ ਜਸਵੰਤ ਸਿੰਘ ਨੂੰ ਵਾਪਸ ਹੋ ਜਾਣ ਲਈ ਮਜਬੂਰ ਕਰ ਦਿੱਤਾ। ਇਸ ਤੇ ਔਰੰਗਜ਼ੇਬ ਨੇ ਬਦਲਾ ਲੈਣ ਲਈ ਤਿਆਰੀ ਕੀਤੀ ਅਤੇ ਬਾਦਸ਼ਾਹੀ ਦੀਆਂ ਵਾਗਾਂ ਆਪਣੇ ਹੱਥ ਲੈ ਲੈਣ ਦੀ ਕੋਸ਼ਿਸ਼ ਕੀਤੀ। ਦਾਰਾ ਖੂਬ ਸ਼ਾਨ ਸ਼ੌਕਤ ਨਾਲ ਔਰੰਗਜ਼ੇਬ ਦਾ ਮੁਕਾਬਲਾ ਕਰਨ ਲਈ ਚੱਲਿਆ ਅਤੇ ਦਰਿਆ ਚੰਬਲ ਦੇ ਨੇੜੇ ਸਾਮੂਗੜ੍ਹ ਆਪਣੇ ਕੈਂਪ ਗੱਡ ਲਏ। ਛੇਤੀ ਹੀ ਔਰੰਗਜ਼ੇਬ ਆਪਣੀਆਂ ਅਤੇ ਮੁਰਾਦ ਦੀਆਂ ਫੌਜਾਂ ਦੀ ਅਗਵਾਈ ਕਰਦਾ ਆ ਗਿਆ ਅਤੇ ਘਮਸਾਣ ਦੀ ਲੜਾਈ ਹੋਈ। ਐਰੰਗਜ਼ੇਬ ਦਾਰਾ ਦੇ ਕਈ ਮਖੀਆਂ ਨੂੰ ਫੜ ਲੈਣ ਵਿੱਚ ਸਫਲ ਹੋਇਆ। ਦਾਰਾ ਆਪ ਰਣਖੇਤਰ ਵਿਚੋਂ ਭੱਜ ਗਿਆ। ਔਰੰਗਜ਼ੇਬ ਆਗਰੇ ਆਇਆ ਅਤੇ ਉਸ ਨੇ ਆਪਣੇ ਪਿਤਾ ਅਤੇ ਆਪਣੇ ਭਰਾ ਮੁਰਾਦ ਨੂੰ ਕੈਦ ਕਰ ਲਿਆ ਅਤੇ ਫਿਰ ਦਿੱਲੀ ਵੱਲ ਚਲ ਪਿਆ। ਦਾਰਾ ਲਾਹੌਰ ਵੱਲ ਭੱਜ ਗਿਆ।

ਦਾਰਾ ਪ੍ਰਸਿਧ ਸਾਂਈ ਮੀਆਂ ਮੀਰ ਦਾ ਸ਼ਰਧਾਲੂ ਸੀ ਜਿਸ ਪਾਸੋਂ ਉਸ ਨੇ ਗੁਰੂ ਜੀ ਦੀਆਂ ਵਡਿਆਈਆਂ ਸੁਣੀਆਂ ਹੋਈਆਂ ਸਨ ਅਤੇ ਦਾਰਾ ਦੀ ਜਾਨ ਵੀ ਗੁਰੂ ਜੀ ਦੀਆਂ ਭੇਜੀਆਂ ਦਵਾਈਆਂ ਨਾਲ ਹੀ ਬਚੀ ਸੀ। ਇਹਨਾਂ ਹਾਲਾਤ ਕਾਰਨ ਦਾਰਾ ਦੇ ਦਿਲ ਵਿੱਚ ਗੁਰੂ ਜੀ ਵਾਸਤੇ ਬਹੁਤ ਸਤਿਕਾਰ ਸੀ। ਜਦ ਤੋਂ ਦਾਰਾ ਪੰਜਾਬ ਦਾ ਗਵਰਨਰ ਬਣਿਆ ਬਾਦਸ਼ਾਹ ਅਤੇ ਗੁਰੂ ਜੀ ਵਿਚਕਾਰ ਨਰੋਏ ਸਬੰਧ ਬਣੇ ਹੋਏ ਸਨ ਸ਼ਾਹਜਹਾਨ ਨੇ ਹਿੰਦੂ ਮੰਦਰਾਂ ਵਿਰੁਧ ਇੱਕ ਹੁਕਮ ਦਿਤਾ ਹੋਇਆ ਸੀ ਪਰ ਸਿੱਖ ਧਾਰਮਕ ਅਸਥਾਨ ਇਸ ਹੁਕਮ ਤੋਂ ਬਰੀ ਸਨ।

ਜਦ ਦਾਰਾ ਸ਼ਿਕੋਹ ਲਾਹੌਰ ਜਾ ਰਿਹਾ ਸੀ ਤਾਂ ਸਬੱਬ ਨਾਲ ਗੁਰੂ ਜੀ ਗੋਇੰਦਵਾਲ ਆਏ ਹੋਏ ਸਨ। ਉਹ ਗੁਰੂ ਜੀ ਨੂੰ ਮਿਲਿਆ। ਬਹੁਤ ਸਾਰੇ ਲੇਖਕ ਗੁਰੂ ਜੀ ਵਲੋਂ ਦਾਰਾ ਨੂੰ ਦਿਤੀ ਸਹਾਇਤਾ ਬਾਰੇ ਆਪਣੇ ਆਪਣੇ ਮਨਭਾਉਂਦੇ ਵਰਨਣ ਦਿੰਦੇ ਹਨ। ਦਾਰਾ ਨੇ ਗੁਰੂ ਜੀ ਤੋਂ ਕਿਸ ਤਰ੍ਹਾਂ ਦੀ ਸਹਾਇਤਾ ਮੰਗੀ ਜਾਂ ਗੁਰੂ ਜੀ ਨੇ ਦਾਰਾ ਨੂੰ ਦਿਤੀ, ਇਹ ਇੱਕ ਵੱਡਾ ਸਵਾਲ ਹੈ ? ਉਸ ਦੇ ਕੋਲ ਸਾਰਾ ਸ਼ਾਹੀ ਖ਼ਜ਼ਾਨਾ ਸੀ, ਉਸ ਦੇ ਜਰਨੈਲ ਉਸ ਦੇ ਨਾਲ ਸਨ ਅਤੇ ਹਜ਼ਾਰਾਂ ਆਦਮੀਆਂ ਦੀ ਫੌਜ ਵੀ। ਉਸ ਨੇ ਲਾਹੌਰ ਵਿੱਚ ਦਿਨਾਂ ਵਿੱਚ ਹੀ ਵੀਹ ਹਜ਼ਾਰ ਆਦਮੀ ਆਪਣੀ ਫੌਜ ਵਿੱਚ ਭਰਤੀ ਕਰ ਲਏ ਸਨ। ਉਸ ਦੇ ਕੋਲ ਸਭ ਕੁਝ ਸੀ ਪਰ ਇੱਕ ਬਹਾਦਰ ਦਿਲ ਦਾ ਘਾਟਾ ਸੀ ਜੋ ਰਣਖੇਤਰ ਵਿੱਚ ਡਟ ਕੇ ਲੜ ਸਕੇ। ਉਹ ਰਣਖੇਤਰ ਵਿਚੋਂ ਭੱਜਆਇਆ ਸੀ ਅਤੇ ਅਖੀਰ ਇੱਕ ਪਠਾਨ, ਜਿਸ ਨੇ ਉਸ ਨਾਲ ਵਿਸਾਹਘਾਤ ਕੀਤਾ, ਰਾਹੀਂ ਫੜਿਆ ਗਿਆ।ਉਸ ਨੂੰ ਦਿੱਲੀ ਲਿਜਾਇਆ ਗਿਆ ਅਤੇ ਕਤਲ ਕਰ ਦਿਤਾ।

ਦਿੱਲੀ ਦੇ ਤਖ਼ਤ ਤੇ ਆਪਣੀ ਥਾਂ ਪੱਕੀ ਕਰ ਲਈ ਹੋਣ ਤੇ ਔਰੰਗਜ਼ੇਬ ਨੇ ਹਿੰਦੂਆਂ ਵਿਰੁਧ ਜਹਾਦ (ਧਰਮ ਅਰਥ ਜੰਗ) ਸ਼ੁਰੂ ਕਰ ਦਿੱਤਾ। ਦਾਰਾ ਦੀ ਮੌਤ ਪਿਛੋਂ ਗੁਰੂ ਜੀ ਦੇ ਵੈਰੀਆਂ ਨੂੰ ਔਰੰਗਜ਼ੇਬ ਦੇ ਮਨ ਵਿੱਚ ਜ਼ਹਿਰ ਭਰਨ ਦਾ ਮੌਕਾ ਮਿਲ ਗਿਆ ਕਿ ਗੁਰੂ ਜੀ ਨੇ ਬਾਦਸ਼ਾਹ ਦੇ ਵਿਰੁਧ ਦਾਰਾ ਦੀ ਸਹਾਇਤਾ ਕੀਤੀ ਸੀ। ਇਸ ਤੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਉਸ ਅੱਗੇ ਪੇਸ਼ ਹੋਣ ਲਈ ਹੁਕਮ ਦੇ ਦਿੱਤਾ। ਗੁਰੂ ਜੀ ਨੇ ਪ੍ਰਤਿਗਿਆ ਕੀਤੀ ਹੋਈ ਸੀ ਕਿ ਔਰੰਗਜ਼ੇਬ ਦੇ ਮੱਥੇ ਨਹੀਂ ਲਗਣਾ। ਸੋ ਆਪਣੀ ਥਾਂ ਗੁਰੂ ਜੀ ਨੇ ਆਪਣੇ ਵੱਡੇ ਸਪੁੱਤਰ ਰਾਮਰਾਇ ਨੂੰ ਦਿੱਲੀ ਭੇਜਿਆ, ਨਾਲ ਇਹ ਆਦੇਸ਼ ਦਿੱਤਾ ਕਿ ਗੁਰੂ ਸਾਹਿਬਾਨ ਦੀ ਦੈਵੀ ਸ਼ਕਤੀ ਤੇ ਭਰੋਸਾ ਰਖਣਾ, ਕਿਸੇ ਤਰ੍ਹਾਂ ਆਪਣੇ ਧਰਮ ਦੇ ਸੁੱਚੇ ਅਸੂਲਾਂ ਤੋਂ ਬੇਮੁਖ ਨਹੀਂ ਹੋਣਾ ਅਤੇ ਆਪਣੇ ਬਾਰੇ ਬਚਨ ਅਤੇ ਕਾਰਜ ਅਕਾਲ ਪੁਰਖ ਦਾ ਧਿਆਨ ਰਖ ਕੇ ਕਰਨੇ ਤਦ ਸਭ ਕੁਝ ਸਫਲ ਹੋਵੇਗਾ।

ਜਦ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਗੁਰੂ ਜੀ ਆਪ ਨਹੀਂ ਆਏ ਪਰ ਆਪਣੇ ਬੇਟੇ ਨੂੰ ਭੇਜਿਆ ਹੈ, ਉਸ ਨੇ ਸੋਚਿਆ ਕਿ ਜੇ ਗੁਰੂ ਜੀ ਦੀ ਅਜ਼ਮਾਇਸ਼ ਲੈਣ ਦਾ ਮੰਤਵ ਗੁਰੂ ਜੀ ਦੇ ਬੇਟੇ ਰਾਹੀਂ ਪੂਰਾ ਨਾ ਹੋਇਆ ਤਾਂ ਉਹ ਗੁਰੂ ਜੀ ਨੂੰ ਆਪ ਆਉਣ ਲਈ ਬੁਲਾ ਭੇਜੇਗਾ। ਕਿਹਾ ਜਾਂਦਾ ਹੈ ਕਿ ਰਾਮਰਾਇ ਨੇ ਬਹੱਤਰ ਕਰਾਮਾਤਾਂ ਵਖਾਈਆਂ। ਬਾਦਸ਼ਾਹ ਨੇ ਉਸ ਨੂੰ ਪਹਿਨਣ ਲਈ ਜ਼ਹਿਰ ਭਰੇ ਕੱਪੜੇ ਭੇਜੇ ਪਰ ਪਹਿਨਣ ਨਾਲ ਉਸ ਉਤੇ ਕੁਝ ਅਸਰ ਨ ਹੋਇਆ। ਇੱਕ ਮੁਲਾਕਾਤ ਸਮੇਂ ਇੱਕ ਡੂੰਘੇ ਖੂਹ ਉਤੇ ਇੱਕ ਚਾਦਰ ਵਿਛਾ ਦਿਤੀ ਤਾਂਕਿ ਜਦ ਰਾਮਰਾਇ ਨੂੰ ਉਸ ਉਤੇ ਬੈਠਣ ਲਈ ਕਿਹਾ ਜਾਏਗਾ ਤਾਂ ਉਹ ਖੂਹ ਵਿੱਚ ਡਿਗ ਜਾਏਗਾ। ਚਾਦਰ ਬਿਲਕੁਲ ਅਡੋਲ ਰਹੀ ਅਤੇ ਰਾਮਰਾਇ ਕਰਾਮਾਤੀ ਤੌਰ ਤੇ ਬਚਿਆ ਰਿਹਾ। ਬਾਦਸ਼ਾਹ ਨੂੰ ਦਿੱਲੀ ਬੈਠਿਆਂ ਮੱਕੇ ਦੇ ਦਰਸ਼ਨ ਕਰਾਏ ਗਏ। ਅਜੇਹੀਆਂ ਬਹੱਤਰ ਕਰਾਮਾਤਾਂ ਦਿਖਾਉਣ ਪਿਛੋਂ ਔਰੰਗਜ਼ੇਬ ਨੂੰ ਰਾਮਰਾਇ ਦੀਆਂ ਸ਼ਕਤੀਆਂ ਉਤੇ ਤਕਰੀਬਨ ਯਕੀਨ ਹੋ ਗਿਆ ਅਤੇ ਉਸ ਨਾਲ ਮਿਤਰਤਾ ਕਰ ਲਈ। ਤਦ ਇੱਕ ਆਖਰੀ ਸਵਾਲ ਉਠਿਆ। ਕਾਜ਼ੀਆਂ ਨੇ ਰਾਮਰਾਇ ਨੂੰ ਪੁੱਛਿਆ, "ਰਾਮਰਾਇ ਤੇਰੇ ਗੁਰੂ ਨਾਨਕ ਨੇ ਇਸਲਾਮ ਵਿਰੁਧ ਲਿਖਿਆ ਹੈ। ਇੱਕ ਥਾਂ ਉਸ ਨੇ ਕਿਹਾ ਹੈ :

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।

(ਆਸਾ ਕੀ ਵਾਰ, ਮਹਲਾ ੧, ਪੰਨਾ ੪੬੬)

## ਇਸਦਾ ਕੀ ਮਤਲਬ ਹੈ ?"

ਰਾਮਰਾਇ ਨੇ ਔਰੰਗਜ਼ੇਬ ਵਲੋਂ ਆਪਣੇ ਵਾਸਤੇ ਐਨੀ ਇਜ਼ਤ ਜਿਤ ਲਈ ਸੀ ਕਿ ਉਹ ਸ਼ਾਇਦ ਉਸ ਨੂੰ ਗੁੱਸੇ ਨਹੀਂ ਕਰਨਾ ਚਾਹੁੰਦਾ ਸੀ ਅਤੇ ਤੁਰਨ ਵੇਲੇ ਗੁਰੂ ਪਿਤਾ ਦੇ ਆਦੇਸ਼, ਕਿ ਆਪਣੇ ਧਰਮ ਦੇ ਸੁੱਚੇ ਅਸੂਲਾਂ ਤੋਂ ਜ਼ਰਾ ਵੀ ਪਿਛੇ ਨਹੀਂ ਹਟਣਾ, ਨੂੰ ਭੁੱਲ ਗਿਆ। ਸੋ ਬਾਦਸ਼ਾਹ ਨੂੰ ਖੁਸ਼ ਕਰਨ ਲਈ ਰਾਮਰਾਇ ਨੇ ਉਤਰ ਦਿਤਾ, ''ਸ਼ਹਿਨਸ਼ਾਹ, ਗੁਰੂ ਨਾਨਕ ਜੀ ਨੇ ਲਿਖਿਆ ਸੀ ੧, 'ਮਿਟੀ ਬੇਈਮਾਨ ਕੀ', ਅਰਥਾਤ ਜਿਸ ਦਾ ਈਮਾਨ ਨਹੀਂ, ਮੁਸਲਮਾਨ ਦੀ ਮਿਟੀ ਘੁਮਿਆਰ ਦੇ ਮਿਟੀ ਦੇ ਢੇਲੇ ਵਿੱਚ ਪੈਣ ਦਾ ਨਹੀਂ। ਅਨਜਾਣ ਲੋਕਾਂ ਨੇ ਇਸ ਤੁਕ ਦੇ ਮੂਲ ਪਾਠ ਨੂੰ ਵਿਗਾੜ ਦਿਤਾ ਹੋਇਆ, ਅਤੇ ਆਪਦੇ ਅਤੇ ਮੇਰੇ ਧਰਮ ਦੀ ਬਦਨਾਮੀ ਕੀਤੀ ਹੈ। ਬੇਈਮਾਨਾਂ ਦੇ ਮੂੰਹ ਦੋਹਾਂ ਜਹਾਨਾਂ ਵਿੱਚ ਕਾਲੇ ਕੀਤੇ ਜਾਣਗੇ, ਮੁਸਲਮਾਨਾਂ ਦੇ ਨਹੀਂ।" ਸਾਰੇ ਮੁਸਲਮਾਨ ਕਾਜ਼ੀ ਇਸ ਉਤਰ ਨਾਲ ਖੁਸ਼ ਹੋ ਗਏ। ਤਦ ਬਾਦਸ਼ਾਹ ਨੇ ਰਾਮਰਾਇ ਨੂੰ ਇੱਕ ਖਿੱਲਤ ਦਿਤੀ ਅਤੇ ਦਰਬਾਰ ਖ਼ਤਮ ਕੀਤਾ ਗਿਆ।

ਦਿੱਲੀ ਦੇ ਸਿਖਾਂ ਨੇ ਇਕਦਮ ਕੀਰਤਪੁਰ ਇੱਕ ਸੱਜਣ ਨੂੰ ਭੇਜਿਆ ਜਿਸ ਨੇ ਗੁਰੂ ਜੀ ਜੋਗ ਦੱਸਿਆ ਕਿ ਰਾਮਰਾਇ ਦੀ ਦਿੱਲੀ ਵਿੱਚ ਸ਼ਾਨ ਸ਼ੌਕਤ ਨਾਲ ਆਉ ਭਗਤ ਹੋਈ ਅਤੇ ਉਸ ਨੇ ਕਿਹੜੀਆਂ ਕਿਹੜੀਆਂ ਕਰਾਮਾਤਾਂ ਵਿਖਾਈਆਂ। ਸੰਦੇਸ਼ ਲਿਆਉਣ ਵਾਲੇ ਸੱਜਣ ਨੇ ਇਹ ਵੀ ਵਿਸਥਾਰ ਨਾਲ ਦੱਸਿਆ ਕਿ ਰਾਮਰਾਇ ਨੇ ਕਿਸਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੀ ਇੱਕ ਤੁਕ ਨੂੰ ਬਾਦਸ਼ਾਹ ਨੂੰ ਖੁਸ਼ ਕਰਨ ਲਈ ਬਦਲ ਦਿੱਤਾ। ਗੁਰੂ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਨਿਰਾਦਾਰ ਸੁਣ ਕੇ ਬੜਾ ਕਸ਼ਟ ਹੋਇਆ ਅਤੇ ਉਨ੍ਹਾਂ ਨੇ ਬਚਨ ਕੀਤਾ ਕਿ ਕੋਈ ਵੀ ਜੀਵ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਨੂੰ ਬਦਲ ਨਹੀਂ ਸਕਦਾ ਅਤੇ 'ਜਿਸ ਮੂੰਹ ਨੇ ਇਸਤਰ੍ਹਾਂ ਕਰਨ ਦਾ ਸਾਹਸ ਕੀਤਾ ਹੈ ਉਸ ਨੂੰ ਮੈਂ ਕਦੇ ਵੀ ਦੇਖਣਾ ਨਹੀਂ ਚਾਹਵਾਂਗਾ।' ਗੁਰੂ ਜੀ ਨੇ ਫੈਸਲਾ ਕਰ ਦਿਤਾ ਕਿ ਰਾਮਰਾਇ ਗੁਰਗੱਦੀ ਦੇ ਲਾਇਕ ਨਹੀਂ। ਉਨ੍ਹਾਂ ਨੇ ਇਸ ਦੀ ਪੁਸ਼ਟੀ ਕੀਤੀ ਕਿ ''ਗੁਰਗੱਦੀ ਇੱਕ ਸ਼ੇਰਨੀ ਦੇ ਦੁਧ ਦੀ ਨਿਆਈਂ ਹੈ ਜਿਸ ਨੂੰ ਕੇਵਲ ਸੋਨੇ ਦੇ ਬਰਤਨ ਵਿੱਚ ਰੱਖਿਆ ਜਾ ਸਕਦਾ ਹੈ। ਕੇਵਲ ਉਹੀ ਇਯ ਦੇ ਲਾਇਕ ਹੈ ਜੋ ਆਪਣਾ ਜੀਵਨ ਇਸ ਦੇ ਵਾਸਤੇ ਅਰਪਣ ਕਰਨ ਲਈ ਤਿਆਰ ਹੈ।"

ਦਿੱਲੀ ਕੁਝ ਸਮਾਂ ਰਹਿਣ ਪਿਛੋਂ ਰਾਮਰਾਇ ਨੇ ਕੀਰਤਪੁਰ ਜਾਣ ਅਤੇ ਗੁਰੂ ਪਿਤਾ ਜੀ ਨੂੰ ਆਪਣਾ ਫੈਸਲਾ ਇਸ ਦੇ ਬਾਰੇ ਬਦਲ ਦੇਣ ਲਈ ਕੋਸ਼ਿਸ਼ ਕਰਨ ਦਾ ਫੈਸਲਾ ਕੀਤਾ। ਉਸ ਨੇ ਆਪਣਾ ਕੈਂਪ ਕੀਰਤਪੁਰ ਦੇ ਨੇੜੇ ਲਾ ਲਿਆ ਅਤੇ ਗੁਰੂ ਜੀ ਨੂੰ ਪੱਤਰ ਲਿਖ ਭੇਜਿਆ ਕਿ ਮਿਲਣ ਲਈ ਆਗਿਆ ਦੇਣ। ਉਸ ਨੇ ਮੰਨਿਆ ਕਿ ਉਸ ਨੂੰ ਅਪਾਣੇ ਪਾਪਾਂ ਦਾ ਪਸਚਾਤਾਪ ਹੈ ਅਤੇ ਖਿਮਾ ਕੀਤੇ ਜਾਣ ਦੀ ਇੱਛਾ ਦਸੀ। ਗੁਰੂ ਜੀ ਨੇ ਉਤਰ ਦਿੱਤਾ, ''ਰਾਮਰਾਇ, ਤੂੰ ਮੇਰੇ ਹੁਕਮ ਦੀ ਅਵਗਿਆ ਕੀਤੀ ਅਤੇ ਪਾਪ ਕੀਤਾ ਹੈ। ਤੂੰ ਇੱਕ ਪਵਿਤਰ ਪੁਰਸ਼ ਬਣਨ ਦੀ ਇੱਛਾ ਕਿਵੇਂ ਕਰ ਸਕਦਾ ਹੈਂ ? ਤੂੰ ਜਿਧਰ ਤੇਰਾ ਮਨ ਚਾਹੇ ਚਲਾ ਜਾ। ਮੈਂ ਤੇਰੇ ਵਲੋਂ ਵਿਸ਼ਵਾਸਘਾਤ ਕੀਤੇ ਜਾਣ ਤੇਰਾ ਮੂੰਹ ਕਦੇ ਨਹੀਂ ਵੇਖਾਂਗਾ।"

ਗੁਰੂ ਜੀ ਨੇ ਆਪਣਾ ਅੰਤ ਆ ਰਿਹਾ ਜਾਣਦਿਆਂ ਸਿੱਖ ਸੰਗਤ ਨੂੰ ਦੀਵਾਨ ਸਜਾਉਣ ਦਾ ਸੱਦਾ ਦਿਤਾ। ਉਨ੍ਹਾਂ ਨੇ ਆਪਣੇ ਛੋਟੇ ਸਪੁੱਤਰ, ਹਰਿਕਿਸ਼ਨ ਜੀ, ਜੋ ਕੇਵਲ ਪੰਜ ਵਰ੍ਹੇ ਦੀ ਉਮਰ ਦੇ ਸੀ, ਨੂੰ ਗੁਰੂ ਨਾਨਕ ਜੀ ਦੀ ਗੱਦੀ ਤੇ ਬਿਠਾ ਦਿਤਾ। ਫਿਰ ਇੱਕ ਨਰੇਲ ਅਤੇ ਪੰਜ ਪੈਸੇ ਉਨ੍ਹਾਂ ਅੱਗੇ ਰਖ ਕੇ ਉਨ੍ਹਾਂ ਦੀਆਂ ਤਿੰਨ ਪਰਕਰਮਾਂ ਕੀਤਆਂ ਅਤੇ ਉਨ੍ਹਾਂ ਦੇ ਮੱਥੇ ਤੇ ਗੁਰਗੱਦੀ ਦਾ ਤਿਲਕ ਲਵਾਇਆ। ਸਾਰੀ ਸੰਗਤ ਉਠੀ ਅਤੇ ਗੁਰੂ ਹਰਿਕਿਸ਼ਨ ਜੀ ਅੱਗੇ ਮੱਥੇ ਟੇਕੇ। ਗੁਰੂ ਹਰਿਰਾਇ ਸਾਹਿਬ ਜੀ ਨੇ ਸਭ ਸਿਖਾਂ ਨੂੰ ਆਦੇਸ਼ ਦਿਤਾ ਕਿ ਉਹ ਗੁਰੂ ਹਰਿਕਿਸ਼ਨ ਜੀ ਨੂੰ ਉਨ੍ਹਾਂ ਦੀ ਹੀ ਸਰੂਪ ਸਮਝਣ, ਇਨ੍ਹਾਂ ਉਤੇ ਸ਼ਰਧਾ ਰਖਣ ਅਤੇ ਇਸ ਤਰ੍ਹਾਂ ਬਖਸ਼ੇ ਜਾਣ ਦੇ ਯੋਗ ਹੋ ਜਾਣ।

ਗੁਰੂ ਹਰਿਰਾਇ ਸਾਹਿਬ ਨੇ ਅੱਖਾਂ ਮੂੰਦ ਲਈਆਂ ਅਤੇ, ੬ ਅਕਤੂਬਰ ੧੬੬੧ ਨੂੰ, ਜੋਤੀ ਜੋਤਿ ਸਮਾ ਗਏ।

੧. ਇਹ ਵੀ ਕਿਹਾ ਜਾਂਦਾ ਹੈ ਕਿ ਰਾਮਰਾਇ ਨੇ ਔਰੰਗਜ਼ੇਬ ਨੂੰ ਦੱਸਿਆ ਕਿ ਗੁਰੂ ਨਾਨਕ ਜੀ ਦਾ ਇਹ ਮਤਲਬ ਨਹੀਂ ਸੀ ਕਿ ਮੁਸਲਮਾਨ ਦੀ ਮਿਟੀ, ਅਸਲ ਵਿਚ ਗੁਰੂ ਜੀ ਦਾ ਭਾਵ 'ਬੇਈਮਾਨ' ਤੋਂ ਸੀ। ਇਸ ਤਰ੍ਹਾਂ ਰਾਮਰਾਇ ਨੇ ਮੂਲ ਤੁਕ ਨੂੰ ਨਹੀਂ ਬਦਲਿਆ, ਕੇਵਲ ਇਸ ਤੁਕ ਦੇ ਅਰਥ ਹੀ ਬਦਲੇ ਸਨ।